**Department of Food, Civil Supplies and Consumer Affairs Punjab, Chandigarh.**
**ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ੍ਹ**
**Anaaj Bhawan, Sector 39-C, Chandigarh**

ਸੇਵਾ ਵਿੱਚ **through email only**

1. ਸਮੂਹ ਡਿਪਟੀ ਡਾਇਰੈਕਟਰ (ਫੀਲਡ),
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਪੰਜਾਬ ਰਾਜ ਵਿੱਚ।
2. ਸਮੂਹ ਜ਼ਿਲ੍ਹਾ ਕੰਟਰੋਲਰ, ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ, ਪੰਜਾਬ ਰਾਜ ਵਿੱਚ।

ਮੀਮੋ ਨੰ: ਐਸ.ਏ.(ਬ/ਫ)ਬੀ.ਜੀ.1/5(976/977)-2023/ 126
ਮਿਤੀ,ਚੰਡੀਗੜ੍ਹ: 24-02-2023

ਵਿਸ਼ਾ: ਫਸਲੀ ਸਾਲ 2023-24 ਦੌਰਾਨ ਖੁਰਾਕ ਜਿਨਸਾਂ ਦੀ ਢੋਆ-ਢੁਆਈ ਅਤੇ ਲੇਬਰ ਟੈਂਡਰਾਂ ਸਬੰਧੀ ਹੋਣ ਵਾਲੀ ਗਤੀਵਿਧੀਆਂ ਦੀ ਸਮੇਂ-ਸਾਰਣੀ।

ਹਵਾਲਾ ਮੁੱਖ ਦਫਤਰ ਦੇ ਪੱਤਰ ਮੀਮੋ ਨੰ: ਐਸ.ਏ.(ਬ/ਏ)ਬੀ.ਜੀ.5(977)-2023/120-122, ਮਿਤੀ 24.02.2023 ਅਤੇ ਐਸ.ਏ.(ਬ/ਫ)ਬੀ.ਜੀ.1 (976 )-2023/123-124, ਮਿਤੀ 24.02.2023, ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2- ਹਵਾਲੇ ਅਧੀਨ ਪੱਤਰਾਂ ਰਾਹੀਂ ਜਾਰੀ "The Punjab Foodgrains Transportation Policy 2023" "The Punjab Foodgrains Labour & cartage Policy 2023" ਨੂੰ ਆਮ ਜਨਤਾ/ਚਾਹਵਾਨ ਟੈਂਡਰਕਾਰਾਂ ਦੀ ਜਾਣਕਾਰੀ ਲਈ ਜ਼ਿਲ੍ਹਾ ਦਫਤਰਾਂ ਦੇ ਨੋਟਿਸ ਬੋਰਡ ਤੇ ਚਪਕਾ ਦਿੱਤਾ ਜਾਵੇ।

3. ਇਸ ਸਬੰਧੀ ਹੋਣ ਵਾਲੀਆਂ ਗਤੀਵਿਧੀਆਂ ਦੀ ਸਮਾਂ-ਸਾਰਣੀ ਹੇਠ ਅਨੁਸਾਰ ਹੈ:-

**ਲੇਬਰ ਕਾਰਟੇਜ ਦੇ ਕੰਮ ਸਬੰਧੀ**

| ਲੜੀ ਨੰ: | ਵਿਸ਼ੇਸ਼ | ਵੇਰਵੇ |
|---|---|---|
| **A** | ਸਿਰਫ਼ ਲੇਬਰ ਦੇ ਕੰਮ ਲਈ (ਸਾਰੇ ਸਟੋਰੇਜ਼ ਕੇਂਦਰਾਂ ਅਤੇ ਪੀ.ਈ.ਜੀ. ਗੋਦਾਮਾਂ ਲਈ) [ਸਭ ਤੋਂ ਪਹਿਲਾਂ ਵਰਕਰ ਪ੍ਰਬੰਧਨ ਕਮੇਟੀਆਂ (ਡਬਲਯੂ.ਐਮ.ਸੀ.) ਅਤੇ ਲੇਬਰ ਐਂਡ ਕੰਸਟ੍ਰਕਸ਼ਨ ਸੋਸਾਇਟੀਆਂ (ਐਲ.ਐਂਡ.ਸੀ.) ਨੂੰ ਆੱਫਰ ਕੀਤਾ ਜਾਵੇਗਾ : | |
| i. | ਟੈਂਡਰ ਦਸਤਾਵੇਜ਼ ਨੂੰ ਡਾਊਨਲੋਡ ਕਰਨ ਅਤੇ ਤਕਨੀਕੀ ਬੋਲੀ ਜਮ੍ਹਾ ਕਰਨ ਦੀ ਮਿਤੀ ਅਤੇ ਸਮਾਂ। | **27.02.2023 (ਸਵੇਰੇ 11.00 ਵਜੇ) ਤੋਂ 06.03.2023 (ਸਾਮ 5:00 ਤੱਕ)** |
| ii. | ਡਬਲਯੂ.ਐਮ.ਸੀ ਅਤੇ ਐਲ.ਐਂਡ.ਸੀ. ਸੋਸਾਇਟੀਆਂ ਦੇ ਟੈਂਡਰ ਖੋਲ੍ਹਣ ਅਤੇ ਕੰਮ ਦੇਣ ਦੀ ਮਿਤੀ, ਸਮਾਂ ਅਤੇ ਸਥਾਨ। | **07.03.2023 (11:00 ਵਜੇ ਸਵੇਰੇ)** ਸਥਾਨ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਕੰਟਰੋਲਰ, ਖੁਰਾਕ ਅਤੇ ਸਿਵਲ ਸਪਲਾਈਜ਼ ਦੁਆਰਾ ਸੂਚਿਤ ਕੀਤਾ ਜਾਵੇਗਾ) |
| | | |
| B | ਸਿਰਫ਼ ਲੇਬਰ ਲਈ (ਜੋ ਉੱਪਰ ਦਿੱਤੇ 'ਏ' ਅਨੁਸਾਰ ਫਾਈਨਲ ਨਹੀਂ ਹੋਏ)/ ਸਿਰਫ਼ ਕਾਰਟੇਜ ਜਾਂ ਲੇਬਰ ਅਤੇ ਕਾਰਟੇਜ ਸਾਂਝੇ ਤੌਰ 'ਤੇ। | |
| i | ਟੈਂਡਰ ਦਸਤਾਵੇਜ਼ ਨੂੰ ਡਾਊਨਲੋਡ ਕਰਨ, ਤਕਨੀਕੀ ਬੋਲੀ ਭਾਗ-1 ਅਤੇ ਵਿੱਤੀ ਬੋਲੀ ਭਾਗ-2 ਜਮ੍ਹਾਂ ਕਰਾਉਣ ਲਈ ਦੀ ਮਿਤੀ ਅਤੇ ਸਮਾਂ | **09.03.2023 (ਸਵੇਰੇ 11.00 ਵਜੇ) ਤੋਂ 17.03.2023 ਸਾਮ 5:00 ਤੱਕ** |
| ii | ਤਕਨੀਕੀ ਬੋਲੀ ਭਾਗ-1 ਦੇ ਖੁੱਲਣ ਦੀ ਮਿਤੀ, ਸਮਾਂ ਅਤੇ ਸਥਾਨ | **18.03.2023 (ਸਵੇਰੇ 11.00 ਵਜੇ)** ਸਥਾਨ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਕੰਟਰੋਲਰ, ਖੁਰਾਕ ਅਤੇ ਸਿਵਲ ਸਪਲਾਈਜ਼ ਦੁਆਰਾ ਸੂਚਿਤ ਕੀਤਾ ਜਾਵੇਗਾ) |

| | | |
|---|---|---|
| iii | ਵਿੱਤੀ ਬੋਲੀ ਭਾਗ-II ਨੂੰ ਖੋਲ੍ਹਣ ਦੀ ਮਿਤੀ, ਸਮਾਂ ਅਤੇ ਸਥਾਨ | ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਕੰਟਰੋਲਰ, ਖ਼ੁਰਾਕ ਅਤੇ ਸਿਵਲ ਸਪਲਾਈਜ਼ ਦੁਆਰਾ ਤਕਨੀਕੀ ਤੌਰ 'ਤੇ ਯੋਗ ਬੋਲੀਕਾਰਾਂ ਨੂੰ ਸੂਚਿਤ ਕੀਤਾ ਜਾਵੇਗਾ) |

**ਢੋਆ-ਢੁਆਈ ਦੇ ਕੰਮ ਸਬੰਧੀ**

| Sr. No. | PARTICULARS | DETAILS |
|---|---|---|
| i | ਟੈਂਡਰ ਦਸਤਾਵੇਜ਼ ਨੂੰ ਡਾਊਨਲੋਡ ਕਰਨ, ਤਕਨੀਕੀ ਬੋਲੀ ਭਾਗ-1 ਅਤੇ ਵਿੱਤੀ ਬੋਲੀ ਭਾਗ-2 ਨੂੰ ਜਮ੍ਹਾ ਕਰਨ ਦੀ ਮਿਤੀ ਅਤੇ ਸਮਾਂ | **27.02.2023** (ਸਵੇਰੇ 11.00 ਵਜੇ) ਤੋਂ **10.03.2023 ਸਾਮ 3 ਵਜੇ ਤੱਕ** |
| ii | ਤਕਨੀਕੀ ਬੋਲੀ ਭਾਗ-1 ਦੇ ਖੁੱਲਣ ਦੀ ਮਿਤੀ, ਸਮਾਂ ਅਤੇ ਸਥਾਨ | **11.03.2023 (ਸਾਮ 3 ਵਜੇ)** (ਸਥਾਨ ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਕੰਟਰੋਲਰ, ਖ਼ੁਰਾਕ ਅਤੇ ਸਿਵਲ ਸਪਲਾਈਜ਼ ਦੁਆਰਾ ਸੂਚਿਤ ਕੀਤਾ ਜਾਵੇਗਾ) |
| iii | ਤਕਨੀਕੀ ਬੋਲੀ ਭਾਗ-2 ਦੇ ਖੁੱਲਣ ਦੀ ਮਿਤੀ, ਸਮਾਂ ਅਤੇ ਸਥਾਨ | ਸਬੰਧਤ ਜ਼ਿਲ੍ਹੇ ਦੇ ਜ਼ਿਲ੍ਹਾ ਕੰਟਰੋਲਰ, ਖ਼ੁਰਾਕ ਅਤੇ ਸਿਵਲ ਸਪਲਾਈਜ਼ ਦੁਆਰਾ ਤਕਨੀਕੀ ਤੌਰ 'ਤੇ ਯੋਗ ਬੋਲੀਕਾਰਾਂ ਨੂੰ ਸੂਚਿਤ ਕੀਤਾ ਜਾਵੇਗਾ) |

4. ਉਕਤ ਤੋਂ ਇਲਾਵਾ ਇਨ੍ਹਾਂ ਨੀਤੀਆਂ ਅਧੀਨ ਢੋਆ-ਢੁਆਈ, ਲੇਬਰ ਅਤੇ ਕਾਰਟੇਜ ਦੇ ਕਲੱਸਟਰਾਂ ਦੀ ਫਾਰਮੇਸ਼ਨ ਕਰਦੇ ਹੋਏ ਹੇਠ ਦਰਸਾਏ ਨੁਕਤਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇ:-

i) ਕਲੱਸਟਰ ਬਣਾਉਣ ਸਮੇਂ ਸਮੂਹ ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰ ਸਮੇਤ ਐੱਫ.ਸੀ.ਆਈ. ਦੇ ਜ਼ਿਲ੍ਹਾ ਮੈਨੇਜਰ ਨੂੰ ਸ਼ਾਮਿਲ ਕੀਤਾ ਜਾਵੇ।

ii) ਕਲੱਸਟਰਾਂ ਦੀ ਬਣਤਰ ਸਾਰੀਆਂ ਮੰਡੀਆਂ (ਕਣਕ ਤੇ ਪੈਡੀ), ਰਾਈਸ ਮਿੱਲਾਂ ਅਤੇ ਸਟੋਰੇਜ਼ ਪੁਆਇੰਟ ਕਵਰ ਕਰਦੇ ਹੋਏ ਕੀਤੀ ਜਾਵੇ।

iii) ਕਲੱਸਟਰਾਂ ਦੀ ਫਾਰਮੇਸ਼ਨ ਇਕਸਾਰ ਕੀਤੀ ਜਾਵੇ ਭਾਵ ਇੱਕ ਜ਼ਿਲ੍ਹੇ ਵਿੱਚ ਬਣਾਏ ਗਏ ਕਲੱਸਟਰਾਂ ਦੀ ਸਮਰੱਥਾ ਲੱਗਭਗ ਸਮਾਨ ਹੋਵੇ (ਭਾਵ ਜ਼ਿਆਦਾ ਫਰਕ ਨਾ ਹੋਵੇ) ਅਤੇ geographical continuity ਨੂੰ ਧਿਆਨ ਵਿੱਚ ਰੱਖਿਆ ਜਾਵੇ।

iv) ਕਲੱਸਟਰ ਬਣਾਏ ਹੋਏ ਧਿਆਨ ਵਿੱਚ ਰੱਖਿਆ ਜਾਵੇ ਕਿ ਮੰਡੀਆਂ ਤੋਂ ਅਨਲੋਡਿੰਗ ਪੁਆਇੰਟ ਤੱਕ ਦੀ ਦੂਰੀ ਜ਼ਿਆਦਾ ਨਾ ਹੋਵੇ ਤਾਂ ਜੋ ਕਿਸੇ ਤਰ੍ਹਾਂ ਦਾ ਸਰਕਾਰ ਉੱਤੇ ਵਾਧੂ ਵਿੱਤੀ ਬੋਝ ਨਾ ਪਵੇ।

v) ਕਲੱਸਟਰਾਂ ਦੀ ਬਣਤਰ ਅਜਿਹੀ ਹੋਵੇ ਕਿ Crisscross Movement ਤੋਂ ਬਚਿਆ ਜਾ ਸਕੇ।

24/02/2023

ਸੀਨੀਅਰ ਅਡੀਟਰ (ਬਜਟ/ਫੰਡ),
ਵਾ: ਪ੍ਰਮੁੱਖ ਸਕੱਤਰ, ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ ਵਿਭਾਗ,ਪੰਜਾਬ।

ਪਿੱਠ ਅੰਕਣ ਨੰ:ਬੀ.ਜੀ.1(976/977)-2023/127 ਮਿਤੀ ਚੰਡੀਗੜ੍ਹ: 24-02-2023

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ।
2. ਪੀ.ਏ/ਡਾਇਰੈਕਟਰ ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ।

24/02/2023

ਸੀਨੀਅਰ ਅਡੀਟਰ (ਬਜਟ/ਫੰਡ),
ਵਾ: ਪ੍ਰਮੁੱਖ ਸਕੱਤਰ, ਖੁਰਾਕ ਸਿਵਲ ਸਪਲਾਈਜ ਅਤੇ
ਖਪਤਕਾਰ ਮਾਮਲੇ ਵਿਭਾਗ,ਪੰਜਾਬ।